## ਛੋਟ ਸਬੰਧੀ ਯੋਗਤਾ

ਛੋਟ ਪ੍ਰਾਪਤ ਕਰਨ ਵਾਲਿਆਂ ਨੂੰ ਹੇਠਾਂ ਦਿੱਤੀ ਕਸੌਟੀ ਜ਼ਰੂਰ ਪੂਰੀ ਕਰਨੀ ਚਾਹੀਦੀ ਹੈ:

- RCW 71A.10.020(5) ਅਨੁਸਾਰ ਇੱਕ ਹੱਕਦਾਰ DDA ਕਲਾਇੰਟ ਹੋਣਾ
- ਸੋਸ਼ਲ ਸੁਰੱਖਿਆ ਕਾਨੂੰਨ ਵਿੱਚ ਨਿਰਧਾਰਤ ਕੀਤੀ ਗਈ ਕਸੌਟੀ ਅਨੁਸਾਰ ਅਸਮਰੱਥਾ (ਅਪੰਗਤਾ) ਹੈ।
- ਲੰਮੀ-ਮਿਆਦ ਦੀਆਂ ਸੰਭਾਲ ਸੇਵਾਵਾਂ/Medicaid ਲਈ ਅਪਲਾਈ ਕਰਨਾ ਹੈ ਅਤੇ ਪੁਸ਼ਟੀਸ਼ੁਦਾ ਆਮਦਨ ਹੈ, ਜੋ SSI ਫ਼ੈਡਰਲ ਲਾਭ ਮਿਆਰ 300% ਤੋਂ ਵੱਧ ਨਹੀਂ ਹੈ
  - ਜੇ ਬੱਚੇ, ਮਾਤਾ-ਪਿਤਾ ਦੀ ਆਮਦਨ ਅਤੇ ਸ੍ਰੋਤਾਂ ਨੂੰ ਨਹੀਂ ਵਿਚਾਰਿਆ ਗਿਆ।
  - ਜੇ ਬਾਲਗ਼ ਜੀਵਨ-ਸਾਥੀ ਨਾਲ ਰਹਿੰਦਾ ਹੈ, ਤਾਂ ਜੀਵਨ-ਸਾਥੀ ਦੀ ਆਮਦਨ ਅਤੇ ਸ੍ਰੋਤਾਂ ਨੂੰ ਨਹੀਂ ਵਿਚਾਰਿਆ ਗਿਆ।
- $2,000 ਤੋਂ ਘੱਟ ਸ੍ਰੋਤ ਹਨ ਜਾਂ ਅਸਮਰੱਥਾ (ਅਪੰਗਤਾ) ਪ੍ਰੋਗਰਾਮ ਵਾਲੇ ਵਰਕਰਾਂ ਲਈ ਐਪਲ ਹੈਲਥ ਵਿੱਚ ਹੋਣਾ।
- ਵਿਅਕਤੀ ਨੂੰ ਧਿਆਨ ਵਿੱਚ ਰੱਖਕੇ ਬਣਾਈ ਗਈ ਸੇਵਾ ਦਾ ਪਲਾਨ ਦਰਸਾਉਂਦਾ ਹੈ ਕਿ ਮਹੀਨੇਵਾਰ ਛੋਟ ਸੇਵਾ ਅਤੇ/ਜਾਂ ਮਹੀਨੇਵਾਰ ਨਿਗਰਾਨੀ ਵਾਲੇ ਭਾਈਚਾਰੇ ਵਿੱਚ ਸਿਹਤ, ਸੁਰੱਖਿਆ ਅਤੇ ਘਰ ਸਬੰਧੀ ਜ਼ਰੂਰਤਾਂ ਕਿਵੇਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ।
- ICF/IID ਦੀ ਥਾਂ ਘਰ ਅਤੇ ਭਾਈਚਾਰੇ-ਅਧਾਰਿਤ ਸੇਵਾਵਾਂ ਪ੍ਰਵਾਣ ਕਰਨ ਲਈ ਸਹਿਮਤੀ ਦੇਣਾ
- ਸਿਰਫ਼ CIIBS ਲਈ, ਪ੍ਰਾਪਤ ਕਰਨ ਵਾਲੇ ਇਹ ਵੀ ਜ਼ਰੂਰ ਹੋਣੇ ਚਾਹੀਦੇ ਹਨ:
  - ਸ਼ੁਰੂਆਤੀ ਰਜਿਸਟ੍ਰੇਸ਼ਨ ਲਈ 8 ਤੋਂ 17 ਸਾਲ ਦੀ ਉਮਰ (20 ਸਾਲ ਤੱਕ ਸੇਵਾ ਦਿੱਤੀ ਜਾਂਦੀ ਹੈ);
  - ਸ਼ੁਰੂ ਵਿੱਚ ਵੰਗਾਰ ਵਾਲੇ ਵਿਹਾਰਾਂ ਕਰਕੇ ਘਰ ਤੋਂ ਬਾਹਰ ਵੱਡੇ ਜਾਂ ਗੰਭੀਰ ਜੋਖਮ ਦਾ ਮੁਲਾਂਕਣ ਕੀਤਾ ਗਿਆ ਹੈ; ਅਤੇ
  - ਪਰਿਵਾਰ ਨਾਲ ਰਹਿੰਦਾ/ਰਹਿੰਦੀ ਹੈ, ਜੋ CIIBS ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਸਹਿਮਤ ਹੈ।
- ਸਿਰਫ਼ IFS ਲਈ, ਪ੍ਰਾਪਤ ਕਰਨ ਵਾਲਿਆਂ ਨੂੰ ਇਹ ਵੀ ਜ਼ਰੂਰ ਹੋਣਾ ਚਾਹੀਦਾ ਹੈ:
  - ਪਰਿਵਾਰਕ ਘਰ ਵਿੱਚ ਰਹਿਣਾ।
- ਸਿਰਫ਼ ਭਾਈਚਾਰਕ ਰਾਖੀ ਲਈ, ਪ੍ਰਾਪਤ ਕਰਨ ਵਾਲਿਆਂ ਨੂੰ ਇਹ ਵੀ ਜ਼ਰੂਰ ਹੋਣਾ ਚਾਹੀਦਾ ਹੈ:
  - 18 ਜਾਂ ਵੱਧ ਉਮਰ ਦਾ ਹੋਣਾ; ਅਤੇ
  - WAC 388-831-0030 ਵਿਚਲੀ ਯੋਗਤਾ ਸਬੰਧੀ ਕਸੌਟੀ ਪੂਰੀ ਕਰਨਾ।

## ਛੋਟ ਤੱਕ ਪਹੁੰਚ ਕਰਨਾ


ਰਜਿਸਟ੍ਰੇਸ਼ਨ ਲਈ ਬੇਨਤੀ ਕਰਨੀ ਜਾਂ ਕਿਸੇ ਵੀ ਸਮੇਂ ਬਦਲਵੀਂ ਛੋਟ ਬਦਲੀ ਜਾ ਸਕਦੀ ਹੈ। ਕੇਸ ਸ੍ਰੋਤ ਮੈਨੇਜਰ ਨੂੰ ਪੁੱਛੋ। ਜੇ ਕੇਸ ਸ੍ਰੋਤ ਮੈਨੇਜਰ (CRM) ਉਪਲਬਧ ਨਹੀਂ ਹੈ, ਤਾਂ ਇਲਾਕਾਈ ਦਫ਼ਤਰਾਂ ਹੇਠ ਦਿੱਤੀ ਗਈ ਬਿਨਾ ਭੁਗਤਾਨ ਵਾਲੀ ਸੇਵਾ 'ਤੇ ਮੈਸੇਜ ਛੱਡੋ ਜਾਂ www.dshs.wa.gov/dda/service-and-information-request 'ਤੇ ਔਨਲਾਈਨ ਬੇਨਤੀ ਸਬਮਿਟ ਕਰੋ।

ਛੋਟ ਲਈ ਸੇਵਾ ਦੀ ਕਸੌਟੀ ਨੂੰ ਪੂਰਾ ਕਰਨਾ, ਛੋਟ ਸੇਵਾਵਾਂ ਤੱਕ ਪਹੁੰਚ ਕਰਨ ਦੀ ਗਰੰਟੀ ਨਹੀਂ ਦਿੰਦਾ। ਹਰ ਛੋਟ ਕੁਝ ਸੀਮਤ ਲੋਕਾਂ ਨੂੰ ਹੀ ਦਿੱਤੀ ਜਾ ਸਕਦੀ ਹੈ। ਰਕਮਾਂ ਦੀ ਉਪਲਬਧਤਾ ਨੂੰ ਵੇਖਦਿਆਂ DDA ਨੂੰ 'ਤੇ ਛੋਟ ਲਈ ਹਿੱਸਾ ਲੈਣ ਵਾਲੇ ਨਵੇਂ ਲੋਕਾਂ ਦੀ ਛੋਟ ਸਬੰਧੀ ਰਜਿਸਟ੍ਰੇਸ਼ਨ ਨੂੰ ਸੀਮਤ ਕਰਨ ਦਾ ਅਖ਼ਤਿਆਰ ਹੈ।

## ਪ੍ਰਸ਼ਾਸਨੀ ਸੁਣਵਾਈ ਦੇ ਹੱਕ

ਪ੍ਰੋਗਰਾਮ ਜਾਂ ਸੇਵਾ ਨੂੰ ਧਿਆਨ ਵਿੱਚ ਰੱਖੇ ਬਿਨਾ, ਸਾਰਿਆਂ ਨੂੰ ਹੇਠਾਂ ਦਿੱਤੇ ਫ਼ੈਸਲਿਆਂ ਵਿੱਚੋਂ ਕਿਸੇ ਬਾਰੇ ਪ੍ਰਸ਼ਾਸਨੀ ਸੁਣਵਾਈ ਦਾ ਹੱਕ ਹੈ:

- DDA ਦੀ ਯੋਗਤਾ ਖ਼ਾਰਜ ਕੀਤੀ ਗਈ ਹੈ, ਬੰਦ ਕਰ ਦਿੱਤੀ ਗਈ ਹੈ ਜਾਂ DDA ਨੇ ਅਰਜ਼ੀ 'ਤੇ ਬਿਨਾ ਕਾਰਣ ਕਾਰਵਾਈ ਕਰਨ ਵਿੱਚ ਦੇਰ ਕੀਤੀ ਹੈ; ਜਾਂ
- ਪ੍ਰਾਪਤ ਕਰਨ ਲਈ ਅਖ਼ਤਿਆਰਸ਼ੁਦਾ ਸੇਵਾ ਦੀ ਕਿਸਮ ਜਾਂ ਰਕਮ; ਜਾਂ
- ਸੇਵਾਵਾਂ ਖ਼ਾਰਜ ਕਰਨੀਆਂ, ਘਟਾਉਣੀਆਂ ਜਾਂ ਬੰਦ ਕਰਨੀਆਂ; ਜਾਂ
- ਪਸੰਦ ਦਾ ਸੇਵਾ ਪ੍ਰੋਵਾਈਡਰ ਦੇਣ ਤੋਂ ਮਨ੍ਹਾ ਕਰਨਾ; ਜਾਂ
- ਜੇ ਤੁਹਾਨੂੰ ਇੱਕ ਵੱਖਰੀ ਨਾਪਸੰਦ ਰਿਹਾਇਸ਼ੀ ਸੈਟਿੰਗ ਵਿੱਚ ਭੇਜਿਆ ਜਾਂਦਾ ਹੈ; ਜਾਂ
- DDA ਵਲੋਂ ਕਿਸੇ ਦੂਜੇ ਵਿਅਕਤੀ ਨੂੰ ਨੋਟਿਸ ਨਾ ਭੇਜਣ ਦੀ ਬੇਨਤੀ ਨੂੰ ਖ਼ਾਰਜ ਕਰਨਾ; ਜਾਂ
- ਛੋਟ ਸਬੰਧੀ ਪ੍ਰੋਗਰਾਮ ਤੋਂ ਰਜਿਸਟ੍ਰੇਸ਼ਨ ਖ਼ਤਮ ਕਰ ਦੇਣੀ; ਜਾਂ
- ਛੋਟ ਸਬੰਧੀ ਸੇਵਾਵਾਂ ਦੀ ਥਾਂ ICF/IID ਸੇਵਾਵਾਂ ਲੈਣ ਦੀ ਬੇਨਤੀ ਖ਼ਾਰਜ ਕਰਨਾ; ਜਾਂ
- DDA ਫ਼ੈਸਲਾ ਕਰਦਾ ਹੈ ਕਿ ਮੌਜੂਦਾ ਛੋਟ 'ਤੇ ਸੇਵਾਵਾਂ ਉਪਲਬਧ ਹਨ, ਜੋ ਸਿਹਤ ਅਤੇ ਭਲਾਈ ਜ਼ਰੂਰਤਾਂ ਪੂਰੀਆਂ ਕਰ ਸਕਦੀਆਂ ਹਨ ਅਤੇ ਵਿਅਕਤੀ ਇਸ ਗੱਲ ਨਾਲ ਅਸਹਿਮਤ ਹੈ; ਜਾਂ
- ਵਿਅਕਤੀ ਦਾ ਮੁਲਾਂਕਣ ਕੀਤਾ ਗਿਆ ਹੈ ਕਿ ਉਸ ਨੂੰ ICF/IID ਪੱਧਰ ਦੀ ਸੰਭਾਲ ਦੀ ਲੋੜ ਨਹੀਂ ਹੈ; ਜਾਂ
- ਕਿਸੇ ਵਿਅਕਤੀ ਦਾ CIIBS ਸਬੰਧੀ ਯੋਗਤਾ ਪੂਰੀਆਂ ਨਾ ਕਰਨ ਲਈ ਮੁਲਾਂਕਣ ਕੀਤਾ ਗਿਆ ਹੈ।




**ਹਲਕਾ 1**
ਕਾਉਂਟੀਆਂ: ਸ਼ੈਲਨ, ਡਗਲਸ, ਫ਼ੈਰੀ, ਗ੍ਰਾਂਟ, ਲਿੰਕਨ, ਓਕਾਨੋਗੈਨ, ਪੈਂਡ ਓਰੀਏਲ, ਸਪੋਕੇਨ, ਸਟੀਵਨਸ
**ਟੋਲ ਫ਼੍ਰੀ**: 1-800-319-7116
**ਈਮੇਲ**: R1ServiceRequestA@dshs.wa.gov

**ਹਲਕਾ 1**
ਕਾਉਂਟੀਆਂ: ਐਡਮਸ, ਐਸੋਟਿਨ, ਬੈਂਟਨ, ਕੋਲੰਬੀਆ, ਫ਼੍ਰੈਂਕਲਿਨ, ਗਾਰਫ਼ੀਲਡ, ਕਿਟੀਟਾਸ, ਕਲਿੱਕੀਟੈਟ, ਵਾਲਾ ਵਾਲਾ, ਵਿਟਮੈਨ, ਯਾਕੀਮਾ
**ਟੋਲ ਫ਼੍ਰੀ**: 1-866-715-3646
**ਈਮੇਲ**: R1ServiceRequestB@dshs.wa.gov

**ਹਲਕਾ 2**
ਕਾਉਂਟੀਆਂ: ਆਈਲੈਂਡ, ਸਾਂ ਯਾਂ, ਸਕੈਗਿਟ, ਸਨੋਹੋਮਿਸ਼, ਵਾੱਟਕੋਮ
**ਟੋਲ ਫ਼੍ਰੀ**: 1-800-567-5582
**ਈਮੇਲ**: R2ServiceRequestA@dshs.wa.gov

**ਹਲਕਾ 2**
ਕਾਉਂਟੀ: ਕਿੰਗ
**ਟੋਲ ਫ਼੍ਰੀ**: 1-800-974-4428
**ਈਮੇਲ**: R2ServiceRequestB@dshs.wa.gov

**ਹਲਕਾ 3**
ਕਾਉਂਟੀਆਂ: ਕਿਟਸੈਪ, ਪੀਅਰਸ
**ਟੋਲ ਫ਼੍ਰੀ**: 1-800-735-6740
**ਈਮੇਲ**: R3ServiceRequestA@dshs.wa.gov

**ਹਲਕਾ 3**
ਕਾਉਂਟੀਆਂ: ਕਲੈਲਮ, ਕਲਾਰਕ, ਕਾਉਲਿਤਜ਼, ਗ੍ਰੇਜ਼ ਹਾਰਬਰ, ਜੈਫ਼ਰਸਨ, ਲੁਇਸ, ਮੈਸਨ, ਪੈਸੀਫ਼ਿਕ, ਸਕੈਮੈਨੀਆ, ਥਰਸਟਨ, ਵਾਹਕਿਆਕਮ
**ਟੋਲ ਫ਼੍ਰੀ**: 1-888-707-1202
**ਈਮੇਲ**: R3ServiceRequestB@dshs.wa.gov

ਸੁਣਨ-ਸਮਰੱਥਾ ਖੁੰਝਣ ਜਾਂ ਬੋਲਣ ਵਿੱਚ ਅਸਮਰੱਥਾ ਵਾਲੇ ਵਿਅਕਤੀ ਵਾੱਸ਼ਿੰਗਟਨ ਟੈਲੀਕਮਿਊਨੀਕੇਸ਼ਨ ਰਿਲੇ ਸੇਵਾ ਰਾਹੀਂ 7-1-1 ਜਾਂ 1-800-833-6388 (TTY) ਡਾਇਲ ਕਰਕੇ ਕਾੱਲ ਕਰ ਸਕਦੇ ਹਨ।

ਹੋਰ ਜਾਣਕਾਰੀ ਲਈ DDA ਦੀ ਵੈਬਸਾਈਟ 'ਤੇ ਜਾਓ:
**www.dshs.wa.gov/dda**


Washington State Department of Social & Health Services
Transforming lives

DSHS 22-605 (Rev. 11/20)


# ਘਰੇਲੂ ਅਤੇ ਭਾਈਚਾਰੇ ਅਧਾਰਿਤ ਛੋਟ ਸਬੰਧੀ ਸੇਵਾਵਾਂ

ਵਿਕਾਸ ਸਬੰਧੀ ਅਸਮਰੱਥਾ (ਅਪੰਗਤਾ) ਬਾਰੇ ਪ੍ਰਸ਼ਾਸਨ ਤੋਂ




Washington State Department of Social & Health Services
Transforming lives

## ਛੋਟ ਦਾ ਸਾਰ

ਸਮਾਜਕ ਅਤੇ ਸਿਹਤ ਸੇਵਾਵਾਂ ਬਾਰੇ ਵਿਭਾਗ ਦੇ ਵਿਕਾਸ ਸਬੰਧੀ ਅਸਮਰੱਥਾ (ਅਪੰਗਤਾ) ਬਾਰੇ ਪ੍ਰਸ਼ਾਸਨ ਦੀ ਘਰੇਲੂ ਅਤੇ ਭਾਈਚਾਰੇ ਅਧਾਰਿਤ ਸੇਵਾਦੇ Medicaid ਛੋਟ ਸਬੰਧੀ ਪੰਜ ਪ੍ਰੋਗਰਾਮ ਹਨ। ਹਰ ਛੋਟ ਭਾਈਚਾਰੇ ਵਿੱਚ ਸਿਹਤ ਅਤੇ ਸੁਰੱਖਿਆ ਜ਼ਰੂਰਤਾਂ ਪੂਰੀਆਂ ਕਰਨ ਲਈ ਵਿਸ਼ੇਸ਼ ਸੇਵਾਵਾਂ ਦੀ ਪੇਸ਼ਕਸ਼ ਕਰਦੀ ਹੈ। ਹਰ ਛੋਟ ਉਹਨਾਂ ਕਈ ਕਿਸਮ ਦੀਆਂ ਸੇਵਾਵਾਂ ਦੀ ਪੇਸ਼ਕਸ਼ ਕਰਦੀ ਹੈ, ਜੋ ਹੋਰਨਾਂ ਸ੍ਰੋਤਾਂ (ਪ੍ਰਾਈਵੇਟ ਬੀਮਾ, Medicaid, ਸਕੂਲ ਆਦਿ) ਰਾਹੀਂ ਉਪਲਬਧ ਨਹੀਂ ਹਨ।


**ਵਿਅਕਤੀਗਤ ਅਤੇ ਪਰਿਵਾਰਕ ਸੇਵਾਵਾਂ** ਉਹਨਾਂ ਵਿਅਕਤੀਆਂ ਦੀ ਮਦਦ ਕਰਦੀਆਂ ਹਨ, ਜਿਹਨਾਂ ਨੂੰ ਪਰਿਵਾਰਕ ਘਰ ਵਿੱਚ ਰਹਿੰਦਿਆਂ ਛੋਟ ਸੇਵਾਵਾਂ ਚਾਹੀਦੀਆਂ ਹਨ। *ਜਨਮ ਦੀ ਉਮਰ+*

**ਬੇਸਿਕ ਪਲੱਸ** ਉਹਨਾਂ ਵਿਅਕਤੀਆਂ ਦੀ ਮਦਦ ਕਰਦੀ ਹੈ, ਜਿਹਨਾਂ ਨੂੰ ਭਾਈਚਾਰੇ ਵਿੱਚ ਆਪਣੀਆਂ ਮੁਲਾਂਕਣ ਕੀਤੀਆਂ ਗਈਆਂ ਸਿਹਤ ਅਤੇ ਸੁਰੱਖਿਆ ਜ਼ਰੂਰਤਾਂ ਪੂਰੀਆਂ ਕਰਨ ਲਈ ਛੋਟ ਸਬੰਧੀ ਸੇਵਾਵਾਂ ਚਾਹੀਦੀਆਂ ਹਨ। ਸੇਵਾਵਾਂ, ਉਹਨਾਂ ਨੂੰ ਆਪਣੇ ਘਰ, ਪਰਿਵਾਰਕ ਘਰ ਜਾਂ ਬਾਲਗ਼ ਪਰਿਵਾਰਕ ਘਰ ਜਾਂ ਬਾਲਗ਼ ਰਿਹਾਇਸ਼ੀ ਸ਼ੈਂਟਰ ਵਿੱਚ ਦਿੱਤੀਆਂ ਜਾਂਦੀਆਂ ਹਨ। *ਜਨਮ ਦੀ ਉਮਰ+*

**ਕੋਰ (ਬੁਨਿਆਦੀ)** ਛੋਟ ਸੰਸਥਾਗਤ ਪਲੇਸਮੈਂਟ ਦੇ ਫ਼ੌਰੀ ਜੋਖਮ ਵਿਚਲੇ ਵਿਅਕਤੀਆਂ ਜਾਂ ਉਹਨਾਂ ਵਿਅਕਤੀਆਂ, ਜਿਹਨਾਂ ਦੀ ਸੇਵਾਵਾਂ ਲਈ ਪਛਾਣੀ ਗਈ ਸਿਹਤ ਅਤੇ ਸੁਰੱਖਿਆ ਜ਼ਰੂਰਤ, ਜੋ ਬੇਸਿਕ ਪਲੱਸ ਛੋਟ ਰਾਹੀਂ ਪੂਰੀ ਨਹੀਂ ਹੋ ਸਕਦੀ, ਲਈ ਰਿਹਾਇਸ਼ੀ ਵਿਕਲਪਾਂ ਦੀ ਪੇਸ਼ਕਸ਼ ਕਰਦੀ ਹੈ। *ਜਨਮ ਦੀ ਉਮਰ+*

**ਬੱਚਿਆਂ ਦੀ ਇੰਟੈਂਸਿਵ ਇਨ-ਹੋਮ ਵਿਹਾਰ ਸਬੰਧੀ ਸਹਾਇਤਾ** ਵੰਗਾਰ ਵਾਲੇ ਵਿਹਾਰਾਂ ਕਰਕੇ ਘਰ ਤੋਂ ਬਾਹਰ ਪਲੇਸਮੈਂਟ ਦੇ ਜੋਖਮ 'ਤੇ ਹੋਣ ਵਾਲੇ ਨੌਜੁਆਨਾਂ ਦੀ ਮਦਦ ਕਰਦੀ ਹੈ। CIIBS ਮਾੱਡਲ ਵਿੱਚ ਵਿਓਂਤਬੰਦੀ ਅਤੇ ਪਰਿਵਾਰ-ਕੇਂਦਰਿਤ ਉਸਾਰੂ ਵਿਹਾਰ ਸਬੰਧੀ ਸਹਾਇਤਾ ਸ਼ਾਮਿਲ ਹੁੰਦੀ ਹੈ। *ਉਮਰ 8-20*

**ਭਾਈਚਾਰਕ ਸੁਰੱਖਿਆ** ਛੋਟ 24-ਘੰਟੇ, ਹੋਰਨਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਾਈਟ 'ਤੇ ਸਟਾਫ਼ ਦੀ ਨਿਗਰਾਨੀ ਦੀ ਲੋੜ ਵਾਲੇ ਵਿਅਕਤੀਆਂ ਨੂੰ ਇਲਾਜ ਸਬੰਧੀ, ਰਿਹਾਇਸ਼ੀ ਸਹਾਇਤਾ ਦੀ ਪੇਸ਼ਕਸ਼ ਕਰਦੀ ਹੈ। ਹਿੱਸਾ ਲੈਣ ਵਾਲੇ ਆਪਣੀ ਮਰਜ਼ੀ ਨਾਲ ਭਾਈਚਾਰਕ ਸੁਰੱਖਿਆ ਸੇਧਾਂ ਮੰਨਣ ਲਈ ਸਹਿਮਤ ਹੁੰਦੇ ਹਨ। *ਉਮਰ 18+*



## ਛੋਟ ਸਬੰਧੀ ਸੇਵਾਵਾਂ

ਸਲਾਨਾ ਮੁਲਾਂਕਣਾਂ ਲਈ ਪਲਾਨ ਵਾਸਤੇ ਇਸ ਬ੍ਰੋਸ਼ਰ ਦੀ ਵਰਤੋਂ ਕਰੋ। ਕੇਸ ਸ੍ਰੋਤ ਮੈਨੇਜਰ ਵਿਅਕਤੀ ਨੂੰ ਧਿਆਨ ਵਿੱਚ ਰੱਖਕੇ ਬਣਾਏ ਗਏ ਸੇਵਾ ਪਲਾਨ ਵਿੱਚ ਚੁਣਿੰਦਾ ਸੇਵਾਵਾਂ ਅਤੇ ਦਸਤਾਵੇਜ਼ੀ ਸੇਵਾਵਾਂ ਬਾਰੇ ਸਮਝਾਏਗਾ। ਕੁਝ ਸੇਵਾਵਾਂ ਲਈ ਪਹਿਲਾਂ ਤੋਂ ਜਾਇਜ਼ੇ ਅਤੇ ਵਰਤੋਂ ਤੋਂ ਪਹਿਲਾਂ ਮੰਜ਼ੂਰੀ ਲੈਣੀ ਪੈਂਦੀ ਹੈ। ਮੰਜ਼ੂਰੀ ਤੋਂ ਪਹਿਲਾਂ ਕਿਹੜੀ ਜਾਣਕਾਰੀ ਚਾਹੀਦੀ ਹੈ, ਬਾਰੇ CRM ਨੂੰ ਪੁੱਛੋ।

ਛੋਟ ਅਤੇ ਉਮਰ ਦੀ ਸੀਮਾ ਵਾਲੀਆਂ ਚਾਰ ਸ਼੍ਰੇਣੀਆਂ ਵਿਚਲੀਆਂ ਸੇਵਾਵਾਂ ਵਿੱਚ ਸ਼ਾਮਿਲ ਹਨ:

- ਭਾਈਚਾਰਕ ਸੇਵਾਵਾਂ – ਭਾਈਚਾਰੇ ਵਿੱਚ ਕਲਾਇੰਟ ਦੀ ਹਿੱਸੇਦਾਰੀ ਅਤੇ ਏਕੀਕਰਣ ਨੂੰ ਉਤਸਾਹ ਦੇਣਾ
- ਪੇਸ਼ੇਵਾਰਾਨਾ ਸੇਵਾਵਾਂ – ਇਕਰਾਰਨਾਮੇ ਵਾਲੇ ਪੇਸ਼ੇਵਰਾਂ ਵਲੋਂ ਸਹਾਇਤਾ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ
- ਸੰਭਾਲ ਦੇਣ ਵਾਲੀਆਂ ਸੇਵਾਵਾਂ – ਹਿੱਸਾ ਲੈਣ ਵਾਲਿਆਂ ਅਤੇ ਦੇਖਭਾਲ ਕਰਨ ਵਾਲਿਆਂ ਦੀ ਮਦਦ ਕਰਦੀਆਂ ਹਨ
- ਵਸਤਾਂ ਅਤੇ ਸੇਵਾਵਾਂ – ਹਿੱਸਾ ਲੈਣ ਵਾਲਿਆਂ ਲਈ ਉਪਕਰਣ, ਸਪਲਾਈਆਂ ਅਤੇ ਮਾਹਿਰਾਨਾ ਸੇਵਾਵਾਂ

## ਭਾਈਚਾਰਕ ਸੇਵਾਵਾਂ

- ☐ **ਭਾਈਚਾਰਕ ਵਾਅਦਾ** – ਭਾਈਚਾਰਕ ਸਹਾਇਤਾ ਨਾਲ ਜੁੜਣ ਅਤੇ ਸ਼ਮੂਲੀਅਤ ਵਧਾਉਣ ਲਈ ਸੇਵਾਵਾਂ ।
  *IFS, ਬੇਸਿਕ ਪਲੱਸ, ਕੋਰ*
- ☐ **ਭਾਈਚਾਰਕ ਸ਼ਮੂਲੀਅਤ** – ਹੋਰਨਾਂ ਲੋਕਾਂ, ਜੋ ਇੱਕੋ ਜਿਹੀਆਂ ਦਿਲਚਸਪੀਆਂ ਸਾਂਝੀਆਂ ਕਰਦੇ ਹਨ, ਨਾਲ ਰਿਸ਼ਤੇ ਬਣਾਉਣ ਲਈ ਸਥਾਨਕ ਭਾਈਚਾਰੇ ਵਿੱਚ ਲੋਕਾਂ ਨੂੰ ਜੋੜਣ ਲਈ ਵਿਅਕਤੀਗਤ ਸਹਾਇਤਾ ਸੇਵਾਵਾਂ ।
  *ਸਿਰਫ਼ ਬੇਸਿਕ ਪਲੱਸ, ਕੋਰ ਛੋਟ-ਧਾਰਕਾਂ ਲਈ*
- ☐ **ਹਮਉਮਰਾਂ ਦੀ ਸਲਾਹਕਾਰੀ** – ਸਹਾਇਤਾ ਅਤੇ ਸੇਧ ਮੁਹੱਈਆ ਕਰਾਉਣ ਲਈ ਹਮਉਮਰ ਸਲਾਹਕਾਰ ਨਿਜੀ ਅਨੁਭਵਾਂ ਦੀ ਵਰਤੋਂ ਕਰਦੇ ਹਨ। *ਸਿਰਫ਼ IFS ਛੋਟ-ਧਾਰਕ*
- ☐ **ਵਿਅਕਤੀ ਨੂੰ ਧਿਆਨ ਵਿੱਚ ਰੱਖਕੇ ਬਣਾਈ ਗਈ ਪਲਾਨ ਸਬੰਧੀ ਮਦਦ** – ਨਿਜੀ ਸਵੈ-ਦ੍ਰਿੜ੍ਹਤਾ ਵਧਾਉਣ ਲਈ ਜ਼ਿੰਦਗੀ ਦੀ ਵਿਓਂਤਬੰਦੀ ਸਬੰਧੀ ਕਾਰਵਾਈ ਅਤੇ ਕਾਰਜ ਯੋਜਨਾ ਬਣਾਉਣੀ। *ਸਿਰਫ਼ IFS ਛੋਟ-ਧਾਰਕ*
- ☐ **ਰਿਹਾਇਸ਼ੀ ਵਸੇਬਾ** –ਭਾਈਚਾਰੇ ਵਿੱਚ ਰਹਿਣ ਲਈ ਲੋੜੀਂਦੀਆਂ ਸਮਾਜਕ ਅਤੇ ਗ੍ਰਹਿਣਸ਼ੀਲ ਮੁਹਾਰਤਾਂ ਸਿਖਣ, ਬਿਹਤਰ ਬਣਾਉਣ ਜਾਂ ਉਹਨਾਂ ਨੂੰ ਬਣਾਈ ਰੱਖਣ ਲਈ ਲਈ ਸਹਾਇਤਾ। ਸਿਰਫ਼ ਕੋਰ, *CP* ਛੋਟ-ਧਾਰਕ
- ☐ **ਸਹਾਇਤਾਪ੍ਰਾਪਤ ਰੋਜ਼ਗਾਰ** – ਰੋਜ਼ਗਾਰ ਪ੍ਰਾਪਤ ਕਰਨ ਅਤੇ ਬਣਾਈ ਰੱਖਣ ਲਈ ਤੀਬਰ, ਜਾਰੀ ਵਿਅਕਤੀਗਤ ਅਤੇ ਸਮੂਹ ਸਹਾਇਤਾ। *ਸਿਰਫ਼ ਬੇਸਿਕ ਪਲੱਸ, ਕੋਰ, CP ਛੋਟ-ਧਾਰਕ। 21+*
- ☐ **ਟ੍ਰਾਂਸਪੋਰਟੇਸ਼ਨ** – PCSP ਵਿੱਚ ਵਿਸ਼ੇਸ਼ ਤੌਰ 'ਤੇ ਛੋਟ ਸਬੰਧੀ ਸੇਵਾਵਾਂ ਤੱਕ ਪਹੁੰਚ ਕਰਨ ਲਈ ਲੋੜੀਂਦੀ ਗ਼ੈਰ-ਮੈਡੀਕਲ ਟ੍ਰਾਂਸਪੋਰਟੇਸ਼ਨ ਲਈ ਪ੍ਰੋਵਾਈਡਰ ਨੂੰ ਉਸ ਵਲੋਂ ਖ਼ਰਚੀ ਗਈ ਰਕਮ ਦਾ ਭੁਗਤਾਨ ਕਰਨਾ।

## ਪੇਸ਼ੇਵਾਰਾਨਾ ਸੇਵਾਵਾਂ

- ☐ **ਸੁਖਾਵਾਂ ਕਰਨ ਸਬੰਧੀ ਸੇਵਾਵਾਂ** – ਵਿਹਾਰ ਸਬੰਧੀ ਸਿਹਤ ਸੰਕਟ ਦੌਰਾਨ ਮਦਦ ਅਤੇ ਸਹਾਇਤਾ ਲਈ ਸੇਵਾਵਾਂ। ਇਸ ਵਿੱਚ ਵਿਸ਼ੇਸ਼ ਤੌਰ 'ਤੇ ਵਸੇਬਾ, ਸਟਾਫ਼/ਪਰਿਵਾਰ ਨਾਲ ਸਲਾਹ-ਮਸ਼ਵਰਾ ਅਤੇ ਸੰਕਟ ਤੋਂ ਧਿਆਨ ਹਟਾਉਣਾ ਅਤੇ ਬਿਸਤਰੇ ਸਬੰਧੀ ਸੇਵਾਵਾਂ ਸ਼ਾਮਿਲ ਹਨ।
- ☐ **ਸੰਗੀਤ ਥੈਰੇਪੀ** – ਵਿਅਕਤੀਗਤ ਟੀਚਿਆਂ ਬਾਰੇ ਪ੍ਰਗਤੀ ਨੂੰ ਉਤਸਾਹ ਦੇਣ ਲਈ ਸੰਗੀਤ ਦੀ ਮਦਦ ਲੈਣੀ। *ਸਿਰਫ਼ CIIBS*
- ☐ **ਘੁੜਸੁਆਰੀ ਸਬੰਧੀ ਥੈਰੇਪੀ** – ਵਿਅਕਤੀਗਤ ਟੀਚਿਆਂ ਬਾਰੇ ਪ੍ਰਗਤੀ ਨੂੰ ਉਤਸਾਹ ਦੇਣ ਲਈ ਘੁੜਸੁਆਰੀ ਸਬੰਧੀ ਥੈਰੇਪੀ ਦੀ ਮਦਦ ਲੈਣੀ। *ਸਿਰਫ਼ CIIBS*
- ☐ **ਉਸਾਰੂ ਵਿਹਾਰ ਸਬੰਧੀ ਸਹਾਇਤਾ ਅਤੇ ਸਲਾਹ-ਮਸ਼ਵਰਾ** – ਸਹਾਇਤਾ, ਜੋ ਵਿਹਾਰ ਸਬੰਧੀ ਸਿਹਤ ਜ਼ਰੂਰਤਾਂ ਦਾ ਮੁਲਾਂਕਣ ਕਰਦੀ ਹੈ ਅਤੇ ਉਸ ਨਾਲ ਨਜਿੱਠਦੀ ਹੈ। ਇਸ ਵਿੱਚ ਵਿਹਾਰਾਂ ਨੂੰ ਉਤਸਾਹ ਦੇਣ ਲਈ ਸਿੱਧੀਆਂ ਸਾਲਸੀਆਂ ਸ਼ਾਮਿਲ ਹੁੰਦੀਆਂ ਹਨ, ਜੋ ਭਾਈਚਾਰੇ ਵਿੱਚ ਜ਼ਿੰਦਗੀ ਦੀ ਕੁਆਲਿਟੀ ਅਤੇ ਸ਼ਮੂਲੀਅਤ ਨੂੰ ਬਿਹਤਰ ਬਣਾਉਂਦੀਆਂ ਹਨ *0-20 CP 18+ ਨੂੰ ਛੱਡਕੇ*
- ☐ **ਜੋਖਮ ਸਬੰਧੀ ਮੁਲਾਂਕਣ** – ਮਨੋਚਿਕਿਤਸਕ, ਮੈਡੀਕਲ ਜਾਂ ਇਲਾਜ ਸਬੰਧੀ ਸੇਵਾਵਾਂ ਲਈ ਜ਼ਰੂਰਤ ਦਾ ਨਿਰਣਾ ਕਰਨ ਲਈ ਹਿੰਸਾ, ਪਿੱਛਾ ਕਰਨ, ਜਿਨਸੀ ਤੌਰ 'ਤੇ ਹਿੰਸਕ ਜਾਂ ਖ਼ੂੰਖ਼ਾਰ ਵਿਹਾਰ ਦੇ ਮੁਲਾਂਕਣ ਕਰਨਾ।
- ☐ **ਸਟਾਫ਼/ਪਰਿਵਾਰਕ ਸਲਾਹਕਾਰ** – ਜ਼ਰੂਰਤਾਂ ਬਿਹਤਰ ਢੰਗ ਨਾਲ ਪੂਰੀਆਂ ਕਰਨ ਲਈ ਪਰਿਵਾਰ ਅਤੇ ਸਿੱਧੇ ਸੇਵਾ ਪ੍ਰੋਵਾਈਡਰਾਂ ਲਈ ਪੇਸ਼ੇਵਾਰਾਨਾ ਸਲਾਹ-ਮਸ਼ਵਰਾ। *ਸਿਰਫ਼ IFS, ਬੇਸਿਕ ਪਲੱਸ, CIIBS ਬਾਰੇ ਸਲਾਹਕਾਰੀ ਉਪਲਬਧ ਹੈ।*
- ☐ **ਸਹਾਇਤਾਪ੍ਰਾਪਤ ਪਰਵਰਿਸ਼** – ਇਸ ਸੇਵਾ ਵਿੱਚ ਪੜ੍ਹਾਉਣਾ, ਮਾਤਾ-ਪਿਤਾ ਦੀ ਕੋਚਿੰਗ ਅਤੇ ਹੋਰ ਸਹਾਇਕ ਸਹਾਇਕ ਰਣਨੀਤੀਆਂ ਸ਼ਾਮਿਲ ਹਨ। *ਸਿਰਫ਼ IFS*
- ☐ **ਥੈਰੇਪੀਆਂ** – ਔੱਕਿਉਪੇਸ਼ਨਲ, ਸਰੀਰਕ ਅਤੇ ਬੋਲਚਾਲ, ਭਾਸ਼ਾ ਅਤੇ ਸੁਣਨ ਸਬੰਧੀ ਸੇਵਾਵਾਂ, ਜੋ Medicaid (ਐੱਪਲ ਹੈਲਥ) ਵਲੋਂ ਮੁਹੱਈਆ ਕਰਾਈਆਂ ਜਾਂਦੀਆਂ ਸੇਵਾਵਾਂ ਤੋਂ ਬਾਹਰ ਹਨ। *ਸਿਰਫ਼ IFS, ਬੇਸਿਕ ਪਲੱਸ, ਕੋਰ, CP. 21+*

## ਦੇਖਭਾਲ ਕਰਨ ਵਾਲੀਆਂ ਸੇਵਾਵਾਂ

- ☐ **ਅਰਾਮ ਕਰਨਾ** – ਅਸਮਰੱਥ (ਅਪੰਗ) ਵਿਅਕਤੀਆਂ ਦੀ ਦੇਖਭਾਲ ਕਰਦਿਆਂ, ਉਹਨਾਂ ਨਾਲ ਰਹਿ ਰਹੇ ਲੋਕਾਂ ਨੂੰ ਥੋੜ੍ਹੇ ਸਮੇਂ ਲਈ ਅਰਾਮ ਕਰਨ ਦੇਣਾ। *ਸਿਰਫ਼ IFS, ਬੇਸਿਕ ਪਲੱਸ, ਕੋਰ, CIIBS*
- ☐ **ਮੁਹਾਰਤ ਵਾਲੀ ਨਰਸਿੰਗ** – Medicaid (ਐੱਪਲ ਕੇਅਰ) ਰਾਹੀਂ ਪੂਰੀਆਂ ਨਾ ਹੋਣ ਵਾਲੀਆਂ ਜ਼ਰੂਰਤਾਂ ਨਾਲ ਨਜਿੱਠਣ ਲਈ ਪੁਰਾਣੀ, ਲੰਮੀ-ਮਿਆਦ ਸਬੰਧੀ, ਨਰਸਿੰਗ ਸੇਵਾਵਾਂ। *ਸਿਰਫ਼ IFS, ਬੇਸਿਕ ਪਲੱਸ, ਕੋਰ, CP. 21+*

## ਵਸਤਾਂ ਅਤੇ ਸੇਵਾਵਾਂ

- ☐ **ਸਹਾਇਕ ਤਕਨਾਲੋਜੀ** – ਕਾਰਜ ਕਰਨ ਸਬੰਧੀ ਸਮਰੱਥਾ ਬਿਹਤਰ ਬਣਾਉਣ ਜਾਂ ਬਹਾਲ ਰੱਖਣ ਲਈ ਇਸਤੇਮਾਲ ਕੀਤੇ ਜਾਂਦੇ ਉਤਪਾਦ ਅਤੇ ਸਿਖਲਾਈ। *ਸਿਰਫ਼ IFS, CIIBS*
- ☐ **ਬਿਸਤਰੇ ਵਿਚਲੇ ਮਾਂਗਣੂ ਖ਼ਤਮ ਕਰਨਾ** – ਘਰ ਵਿਚਲੇ ਬਿਸਤਰੇ ਵਿਚਲੇ ਮਾਂਗਣੂਆਂ ਨੂੰ ਖ਼ਤਮ ਕਰਨਾ। *ਸਿਰਫ਼ ਬੇਸਿਕ ਪਲੱਸ, ਕੋਰ, CP*
- ☐ **ਚੌਗਿਰਦੇ ਦੇ ਅਨੁਕੂਲ ਬਣਾਉਣਾ** – ਭਾਈਚਾਰੇ ਵਿੱਚ ਰਹਿਣ ਲਈ ਸਰੀਰ ਅਨੁਸਾਰ ਘਰ ਵਿੱਚ ਲੋੜੀਂਦੀਆਂ ਤਬਦੀਲੀਆਂ ਕਰਨੀਆਂ।
- ☐ **ਵਿਸ਼ੇਸ਼ ਤੌਰ 'ਤੇ ਬਣਾਏ ਗਏ ਕਪੜੇ** – ਅਸਮਰੱਥਾ (ਅਪੰਗਤਾ) ਦੀ ਲੋੜ ਅਨੁਸਾਰ ਵਿਘਨ ਨਾ ਪਾਉਣ ਵਾਲੇ ਕਪੜੇ ਬਣਾਉਣੇ। *ਸਿਰਫ਼ IFS, CIIBS*
- ☐ **ਵਿਸ਼ੇਸ਼ ਤੌਰ 'ਤੇ ਬਣਾਏ ਗਏ ਉਪਕਰਣ ਅਤੇ ਸਪਲਾਈਆਂ** –Medicaid (ਐੱਪਲ ਕੇਅਰ) ਹੇਠ ਜ਼ਰੂਰੀ ਉਪਕਰਣ ਅਤੇ ਸਪਲਾਈਆਂ ਉਪਲਬਧ ਨਹੀਂ ਹਨ, ਇਸ ਵਿੱਚ ਇਲਾਜ ਸਬੰਧੀ ਜਾਂ ਉਸਾਰੂ ਵਿਹਾਰ ਸਬੰਧੀ ਸਹਾਇਤਾ ਪਲਾਨ ਲਾਗੂ ਕਰਨ ਲਈ ਲੋੜੀਂਦੇ ਉਪਕਰਣ ਅਤੇ ਸਪਲਾਈਆਂ ਸ਼ਾਮਿਲ ਹਨ।
- ☐ **ਇਲਾਜ ਦੇ ਹਿਸਾਬ ਨਾਲ ਅਨੁਕੂਲ ਬਣਾਉਣਾ** – ਦਬਾਅ ਘਟਾਉਣ ਜਾਂ ਖ਼ਤਮ ਕਰਨ ਲਈ ਘਰ ਦੇ ਚੌਗਿਰਦੇ ਵਿੱਚ ਤਬਦੀਲੀਆਂ ਕਰਨੀਆਂ। *ਸਿਰਫ਼ IFS, ਬੇਸਿਕ ਪਲੱਸ, CIIBS*
- ☐ **ਗੱਡੀ ਵਿੱਚ ਤਬਦੀਲੀਆਂ ਕਰਨੀਆਂ** – ਗੱਡੀ ਵਿੱਚ ਤਬਦੀਲੀਆਂ ਕਰਨੀਆਂ, ਜੋ ਵਿਅਕਤੀ ਦੀਆਂ ਜ਼ਰੂਰਤਾਂ ਅਤੇ ਭਾਈਚਾਰਕ ਏਕੀਕਰਣ ਵਿੱਚ ਮਦਦ ਕਰਦੀਆਂ ਹਨ। *ਸਿਰਫ਼ IFS, CIIBS*
- ☐ **ਭਲਾਈ ਸਬੰਧੀ ਸਿੱਖਿਆ** – ਸਿਹਤ ਸਬੰਧੀ ਮਸਲਿਆਂ ਦਾ ਪ੍ਰਬੰਧ ਕਰਨ ਅਤੇ ਭਲਾਈ ਦੇ ਟੀਚੇ ਹਾਸਿਲ ਕਰਨ ਵਿੱਚ ਮਦਦ ਲਈ ਤਿਆਰ ਕੀਤੀਆਂ ਗਈਆਂ ਵਿਅਕਤੀਗਤ ਤੌਰ 'ਤੇ ਛਾਪੀਆਂ ਗਈਆਂ ਮਹੀਨੇਵਾਰ ਵਿਦਿਅਕ ਚਿੱਠੀਆਂ। *ਸਿਰਫ਼ IFS, ਬੇਸਿਕ ਪਲੱਸ, ਕੋਰ*